21.1.96

# ਕਲਾ ਦੇ ਝਰੋਖੇ ਤੋਂ

**ਗੁਰਸ਼ਰਨ ਸਿੰਘ**

**ਓਪੇਰਿਆਂ ਦਾ ਸੁਨਹਿਰੀ ਯੁੱਗ: 1950-60** ਦਾ ਦਹਾਕਾ ਪੰਜਾਬ ਦੇ ਰੰਗਮੰਚ ਖੇਤਰ ਵਿਚ ਓਪੇਰਿਆਂ ਤੇ ਗੀਤ ਨਾਟਾਂ ਦਾ ਦਹਾਕਾ ਸੀ ਜਦੋਂ ਤੇਰਾ ਸਿੰਘ ਚੰਨ ਦੇ ਓਪੇਰੇ 'ਅਮਰ ਪੰਜਾਬ', 'ਲੱਕੜ ਦੀ ਲੱਤ' ਅਤੇ ਜੁਗਿੰਦਰ ਬਾਹਰਲਾ ਦੇ ਓਪੇਰੇ ਨ, 'ਹਾੜੀਆਂ ਸੌਣੀਆਂ', 'ਖੂਹੀਆਂ', 'ਰੰਬੀਆਂ' ਆਦਿਕ ਪੰਜਾਬੀ ਸਟੇਜ ਦੀ ਸ਼ਾਨ ਸਨ। ਨਾਟਕ ਚੰਗੇ ਤੋਂ ਚੰਗੇ ਉਸ ਵੇਲੇ ਵੀ ਖੇਡੇ ਜਾਂਦੇ ਸਨ ਤੇ ਹੁਣ ਵੀ ਖੇਡੇ ਜਾਂਦੇ ਹਨ ਪਰ ਓਪੇਰਿਆਂ ਦੀ ਉਹ ਰਵਾਇਤ ਅਤੇ ਸ਼ਾਨ ਕਾਇਮ ਨਹੀਂ ਰਹਿ ਸਕੀ। ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਤੇਰਾ ਸਿੰਘ ਚੰਨ ਦੀ ਪੂਰੀ ਦੀ ਪੂਰੀ ਕਵਿਤਾ, ਓਪੇਰੇ ਅਤੇ ਗੀਤ ਨਾਟ ਹੁਣ ਇਕ ਜਿਲਦ ਵਿਚ ਛਾਪੇ ਗਏ ਹਨ, ਜਿਸ ਦਾ ਨਾਂ ਹੈ 'ਕਾਗਾ ਸਮੇਂ ਦਾ ਬੋਲਿਆ'। ਇਸ ਵਿਚ ਚੰਨ ਦੇ ਓਪੇਰੇ ਅਤੇ ਗੀਤ ਨਾਟ 'ਆਖਰੀ ਪੜਾਅ', 'ਸਾਜ਼ਸ਼', 'ਲੱਕੜ ਦੀ ਲੱਤ', 'ਨੀਲ ਦੀ ਸ਼ਹਿਜ਼ਾਦੀ', 'ਅਮਰ ਪੰਜਾਬ', 'ਸਾਂਝਾ ਵਿਹੜਾ' ਅਤੇ 'ਫੁੱਲਾਂ ਦਾਂ ਸੁਨੇਹਾ' ਸ਼ਾਮਲ ਹਨ। ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ 'ਲੱਕੜ ਦੀ ਲੱਤ' ਅਤੇ 'ਅਮਰ ਪੰਜਾਬ' ਓਪੇਰੇ ਪੰਜਾਬੀ ਨਾਟਕ ਦੀਆਂ ਪ੍ਰਾਪਤੀਆਂ ਹਨ।

'ਲੱਕੜ ਦੀ ਲੱਤ' ਜੰਗ ਵਿਰੋਧੀ ਭਾਵਨਾਵਾਂ ਦੀ ਇਕ ਸੂਖਮ ਕਿਰਤ ਹੈ। ਇਹ ਇਕ ਪਰਿਵਾਰ ਦੀ ਕਹਾਣੀ ਹੈ। ਪਰਿਵਾਰ ਦਾ ਮੁਖੀ ਆਰਥਿਕ ਤੰਗੀਆਂ ਕਰ ਕੇ ਫੌਜ ਵਿਚ ਭਰਤੀ ਹੋਣ 'ਤੇ ਮਜਬੂਰ ਹੈ। ਆਪਣੇ ਨਵਜੰਮੇ ਬਾਲ ਅਤੇ ਪਤਨੀ ਨੂੰ ਛੱਡ ਕੇ ਉਹ ਜੰਗ 'ਤੇ ਜਾਂਦਾ ਹੈ। ਪਤਨੀ ਨੂੰ ਚਿੱਠੀਆਂ ਤਾਂ ਆਉਂਦੀਆਂ ਹਨ ਪਰ ਜਿਸ ਚਿੱਠੀ ਵਿਚ ਉਹਦੇ ਆਉਣ ਦੀ ਖਬਰ ਹੋਵੇ, ਉਹ ਨਹੀਂ ਆਉਂਦੀ: 'ਚਿੱਠੀਆਂ ਦਾ ਘਰ ਭਰ 'ਤਾ, ਕਦੇ ਆਉਣ ਦੀ ਚਿੱਠੀ ਨਾ ਆਈ।' ਫੌਜੀ ਜਦੋਂ ਘਰ ਪਰਤਦਾ ਹੈ ਤਾਂ ਉਹ ਜੰਗ ਵਿਚ ਜ਼ਖਮੀ ਹੋਣ ਕਰ ਕੇ 'ਲੱਕੜ ਦੀ ਲੱਤ' ਲੈ ਕੇ ਵਾਪਸ ਆਇਆ ਹੈ। ਇਹ ਲੱਕੜ ਦੀ ਲੱਤ ਪ੍ਰਤੀਕ ਹੈ ਉਸ ਸਾਰੇ ਦੁਖਾਂਤ ਦੀ, ਜੋ ਜੰਗ ਵਸਦੇ ਘਰਾਂ ਵਿਚ ਲਿਆਉਂਦੀ ਹੈ। ਓਪੇਰਾ ਵਿਚ ਸ਼ਾਮਲ ਪ੍ਰਸਿੱਧ ਗੀਤ 'ਕਾਗਾ ਸਮੇਂ ਦਾ ਬੋਲਿਆ ਅਮਨਾਂ ਦੀ ਬੋਲੀ' ਜੋ ਅਮਰਜੀਤ ਗੁਰਦਾਸਪੁਰੀ ਨੇ ਉਸ ਵੇਲੇ ਵੀ ਗਾਇਆ ਸੀ ਤੇ ਹੁਣ ਵੀ ਗਾਉਂਦਾ ਹੈ, ਪੰਜਾਬੀ ਸਾਹਿਤ ਦੇ ਕਲਾਸਕੀ ਗੀਤਾਂ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ।

'ਅਮਰ ਪੰਜਾਬ' ਓਪੇਰਾ ਆਜ਼ਾਦੀ ਦੀ ਲੜਾਈ ਵਿਚ ਪੰਜਾਬ ਦੀ ਭੂਮਿਕਾ ਬਾਰੇ ਹੈ। ਸਿੱਖਾਂ ਤੇ ਅੰਗਰੇਜ਼ਾਂ ਦੀ ਲੜਾਈ, ਸ਼ਾਹ ਮੁਹੰਮਦ ਦੀ ਕਵਿਤਾ ਦੇ ਪਿਛੋਕੜ ਤੋਂ ਲੈ ਕੇ ਆਧੁਨਿਕ ਯੁਗ ਤਕ ਦੀ ਸੰਘਰਸ਼ ਦੀ ਕਹਾਣੀ ਹੈ। 1951 ਵਿਚ ਇਹ ਓਪੇਰਾ ਅੰਮ੍ਰਿਤਸਰ ਵਿਚ ਚਿਤਰਾ ਸਿਨਮਾ ਵਿਚ ਪਹਿਲੇ ਪਹਿਲ ਕੀਤਾ ਗਿਆ ਸੀ। ਹਾਲ ਖਚਾਖਚ ਭਰਿਆ ਹੋਇਆ ਸੀ ਅਤੇ ਲੋਕ ਟਿਕਟ ਖਰਚ ਕੇ ਆਏ ਸਨ। ਲੋਕ ਤਰਜ਼ਾਂ 'ਤੇ ਗਾਏ ਗੀਤ ਇਸ ਓਪੇਰੇ ਦੀ ਸ਼ਾਨ ਸਨ। 'ਹੱਦ ਹੋ ਗਈ ਜ਼ੁਲਮ ਦੀ ਲੋਕੋ, ਗੋਰੇ ਸਾਨੂੰ ਪਾਇਆ ਮੁਕਣਾ, ਮੁਕਣਾ, ਰਾਜ ਫਰੰਗੀਆਂ ਦਾ ਕਦੋਂ ਮੁਕਣਾ' ਗੀਤ ਵਿਚ ਇਹ ਸਵਾਲ ਸੀ ਅਤੇ ਨਾਲ ਹੀ ਜਵਾਬ ਸੀ 'ਓਦੋਂ ਮੁਕਣਾ ਜ਼ੁਲਮ ਦਾ ਪਹਿਰਾ ਲੋਕਾਂ ਜਦੋਂ ਸਿਰ ਚੁੱਕਿਆ, ਚੁੱਕਿਆ, ਰਾਜ ਫਰੰਗੀਆਂ ਦਾ ਬਸ ਮੁੱਕਿਆ।'

ਇਨ੍ਹਾਂ ਓਪੇਰਿਆਂ ਨੂੰ ਪੜ੍ਹਨ ਨਾਲ ਜਿਥੇ ਓਪੇਰਿਆਂ ਦੇ ਇਸ ਸੁਨਹਿਰੀ ਯੁੱਗ ਦੀ ਯਾਦ ਤਾਜ਼ਾ ਹੁੰਦੀ ਹੈ, ਉਥੇ ਇਹ ਕਵੀਆਂ, ਲੇਖਕਾਂ ਅਤੇ ਰੰਗ ਕਰਮੀਆਂ ਨੂੰ ਉਤਸ਼ਾਹ ਵੀ ਮਿਲੇਗਾ ਕਿ ਨਾਟਕ ਦੇ ਇਸ ਰੂਪ ਨੂੰ ਅਪਣਾਉਂਦੇ ਹੋਏ ਜ਼ੋਰਦਾਰ ਕਿਰਤਾਂ ਦੀ ਸਿਰਜਣਾ ਕਰਨ।

**ਸਰਕਸ ਕਲਾਕਾਰਾਂ ਦਾ ਦੁਖਾਂਤ:** ਲੋਕਾਂ ਦੇ ਮਨਪ੍ਰਚਾਵੇ ਲਈ ਸਰਕਸ ਦੀ ਕਲਾ ਇਕ ਪੁਰਾਣੀ ਅਤੇ ਸਥਾਪਤ ਕਲਾ ਸੰਸਥਾ ਹੈ। ਉਹ ਕਲਾ ਬੜੀ ਸਾਧਨਾ ਦੀ ਮੰਗ ਕਰਦੀ ਹੈ। ਪਰ ਸਰਕਸ ਵਰਕਰਾਂ ਦਾ ਹੋਰਨਾਂ ਖੇਤਰਾਂ ਦੇ ਵਰਕਰਾਂ ਵਾਂਗ ਸ਼ੋਸ਼ਣ ਵੀ ਹੁੰਦਾ ਹੈ। ਰਾਜ ਕਪੂਰ ਦੀ ਫਿਲਮ 'ਮੇਰਾ ਨਾਮ ਜੋਕਰ' ਵਿਚ ਬੜੇ ਜਜ਼ਬਾਤੀ ਅਤੇ ਕਲਾਮਈ ਤਰੀਕੇ ਨਾਲ ਸਰਕਸ ਵਰਕਰਾਂ ਦੇ ਦੁਖਾਂਤ ਨੂੰ ਪੇਸ਼ ਕੀਤਾ ਗਿਆ ਸੀ। ਪੰਜਾਬ ਦੇ ਲੋਕਾਂ ਦਾ ਇਸ ਵਿਸ਼ੇ 'ਤੇ ਧਿਆਨ ਇਕ ਵਾਰ ਫੇਰ ਖਿੱਚਿਆ ਗਿਆ ਜਦੋਂ ਰਾਜਪੁਰੇ ਵਿਚ ਜੈਮਿਨੀ ਸਰਕਸ ਦੀ ਇਕ ਕਲਾਕਾਰ ਨਾਲ ਹਾਦਸਾ ਹੋ ਗਿਆ। ਅਠਾਰਾਂ ਸਾਲ ਦੀ ਕੇਰਲ ਦੀ ਰਹਿਣ ਵਾਲੀ ਮਿਸ ਪ੍ਰੀਜੇਥਾ ਰੱਸੇ 'ਤੇ ਕਰਤੱਬ ਵਿਖਾਉਂਦੀ ਹੋਈ 30 ਫੁੱਟ ਦੀ ਉਚਾਈ ਤੋਂ ਹੇਠਾਂ ਡਿੱਗ ਗਈ ਤੇ ਬੇਹੋਸ਼ ਹੋ ਗਈ। ਹੁਣ ਉਹ ਪੀ. ਜੀ. ਆਈ. ਚੰਡੀਗੜ੍ਹ ਵਿਚ, ਜ਼ੇਰੇ ਇਲਾਜ ਹੈ। ਡਾਕਟਰਾਂ ਦੀ ਰਾਏ ਹੈ ਕਿ ਉਸ ਦੀ ਰੀੜ੍ਹ ਦੀ ਹੱਡੀ ਅਤੇ ਧੌਣ ਦੇ ਮਣਕੇ ਟੁੱਟ ਗਏ ਹਨ ਅਤੇ ਉਹ ਵੱਡੇ ਅਪਰੇਸ਼ਨ ਸਦਕਾ ਹੀ ਠੀਕ ਹੋਣਗੇ।

ਪ੍ਰੀਜੇਥਾ ਇਕ ਸਰਕਸ ਪਰਿਵਾਰ ਵਿਚੋਂ ਹੈ। ਉਹਦੇ ਮਾਤਾ-ਪਿਤਾ ਵੀ ਸਰਕਸ ਵਿਚ ਸਨ ਪਰ ਹੁਣ ਉਹ ਰਿਟਾਇਰ ਹਨ। ਭਰਾ ਹਾਲੀ ਵੀ ਸਰਕਸ ਕਰਦਾ ਹੈ। ਇਕ ਮੁਲਾਕਾਤ ਵਿਚ ਉਹਦੇ ਭਰਾ ਨੇ ਬੜਾ ਭਾਵੁਕ ਹੋ ਕੇ ਦੱਸਿਆ ਕਿ "ਸਾਨੂੰ ਬਹੁਤ ਘੱਟ ਤਨਖਾਹ ਮਿਲਦੀ ਹੈ। ਸਾਨੂੰ ਕੋਈ ਬੀਮਾ ਤੇ ਹਰਜਾਨਾ ਨਹੀਂ ਮਿਲਦਾ। ਅਸੀਂ ਲੋਕਾਂ ਨੂੰ ਖੁਸ਼ ਕਰਦੇ ਹਾਂ, ਪਰ ਅੰਦਰੋਂ ਅਸੀਂ ਬੜੇ ਦੁਖੀ ਹੁੰਦੇ ਹਾਂ। ਆਪਣੀ ਰੋਜ਼ੀ-ਰੋਟੀ ਕਾਰਨ ਸਾਨੂੰ ਕਈ ਕਈ ਸਾਲ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਮਿਲਣ ਵੀ ਨਹੀਂ ਦਿੱਤਾ ਜਾਂਦਾ। ਸਰਕਸ ਕਲਾਕਾਰਾਂ ਦਾ ਪੂਰਾ ਸ਼ੋਸ਼ਣ ਹੁੰਦਾ ਹੈ। ਹਸਪਤਾਲ 'ਚ ਸਾਨੂੰ ਕੋਈ ਨਹੀਂ ਪੁੱਛਦਾ। ਸਾਨੂੰ ਇਲਾਜ ਲਈ ਖੁਦ ਪੈਸਾ ਕਮਾਉਣਾ ਪੈਂਦਾ ਹੈ।" ਪ੍ਰੀਜੇਥਾ ਨੇ ਦੱਸਿਆ "ਉਹ ਜੇਕਰ ਠੀਕ ਵੀ ਹੋ ਜਾਏਗੀ ਤਾਂ ਉਹ ਸਰਕਸ ਨਹੀਂ ਕਰੇਗੀ।" ਜ਼ਿੰਦਗੀ ਅਤੇ ਮੌਤ ਦੀ ਕਲਾ ਦੇ ਇਹ ਕਲਾਕਾਰ ਜਿਥੇ ਸਮਾਜ ਵਲੋਂ ਹੋਰ ਇੱਜ਼ਤ ਅਤੇ ਹਮਦਰਦੀ ਦੇ ਹੱਕਦਾਰ ਹਨ, ਉਥੇ ਸਰਕਾਰ ਦਾ ਫਰਜ਼ ਬਣਦਾ ਹੈ ਕਿ ਇਨ੍ਹਾਂ ਦੀਆਂ ਕੰਮ ਦੀਆਂ ਹਾਲਤਾਂ ਅਨੁਸਾਰ ਉਨ੍ਹਾਂ ਨੂੰ ਕਾਨੂੰਨਨ ਸੁਰੱਖਿਆ ਅਤੇ ਸਹੂਲਤਾਂ ਮੁਹੱਈਆ ਕੀਤੀਆਂ ਜਾਣ ਅਤੇ ਇਨ੍ਹਾਂ ਦੇ ਸ਼ੋਸ਼ਣ 'ਤੇ ਰੋਕ ਲਗਾਈ ਜਾਵੇ।

**'ਤਪਦੀ ਮਿੱਟੀ', ਇਕ ਸ਼ਾਹਕਾਰ ਕਹਾਣੀ:** ਜਸਵੰਤ ਸਿੰਘ ਵਿਰਦੀ ਦੀ ਇਕ ਕਹਾਣੀ 'ਤਪਦੀ ਮਿੱਟੀ', ਉਸ ਦੇ ਨਵੇਂ ਛਪ ਰਹੇ ਕਹਾਣੀ ਸੰਗ੍ਰਹਿ 'ਤਪਦੀ ਮਿੱਟੀ' ਵਿਚੋਂ ਹੈ। ਇਹ 14 ਫਰਵਰੀ 1986 ਦੇ 'ਲੋਕ ਲਹਿਰ' ਵਿਚ ਆਈ ਹੈ। ਨਵਜੰਮੀ ਬੱਚੀ ਦੇ ਵਿਸ਼ੇ 'ਤੇ ਇਹ ਇਕ ਸ਼ਾਹਕਾਰ ਕਹਾਣੀ ਹੈ। ਇਹੋ ਜਿਹੀਆਂ ਕਹਾਣੀਆਂ ਪੰਜਾਬੀ ਸਾਹਿਤ ਦੇ ਕੱਦ ਨੂੰ ਉਚਿਆਂ ਕਰਦੀਆਂ ਹਨ।